ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
(ਕਾਰਜ ਸੰਚਾਲਨ ਸ਼ਾਖਾ )

ਨੰ:ਪਸਸਬ-ਕਸ-2025/ 2412
ਮਿਤੀ: 24/03/2025

ਵੱਲ

ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ/ਮੁੱਖ ਅਧਿਆਪਕਾ,
ਪੰਜਾਬ ਰਾਜ।

ਵਿਸ਼ਾ:- **ਬਾਰ੍ਹਵੀਂ ਸ਼੍ਰੇਣੀ ਦੀ ਸਾਲਾਨਾ ਪ੍ਰਯੋਗੀ ਪਰੀਖਿਆ 2025 ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ, ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆ ਦੇ ਸੰਚਾਲਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਜਾਰੀ ਪੱਤਰ ਨੰ: ਪਸਸਬ-ਕਸ-2025/ 2246-48 ਮਿਤੀ: 16-01-2025 ਦੀ ਲਗਾਤਾਰਤਾ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਮਿਤੀ 02-04-2025 ਤੋਂ 04-04-2025 ਅਤੇ ਮਿਤੀ 07-04-2025 ਤੋਂ 09-04-2025 ਤੱਕ JEE 2025 ਦੀ ਪਰੀਖਿਆ ਲਈ ਜਾ ਰਹੀ ਹੈ। ਇਸ ਲਈ ਸਬੰਧਤ ਸਕੂਲ ਮੁੱਖੀ ਹੇਠ ਲਿਖੇ ਅਨੁਸਾਰ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਰੀਖਿਆ ਕਰਵਾਉਣ :-

1. ਬੋਰਡ ਵੱਲੋਂ ਜਾਰੀ ਡੇਟਸ਼ੀਟ ਅਨੁਸਾਰ ਬਾਰ੍ਹਵੀਂ ਸ਼੍ਰੇਣੀ ਦੇ ਬਾਇਓਲੋਜ਼ੀ, ਕਮਿਸਟਰੀ, ਫਿਜਿਕਸ, ਹੋਮ ਸਾਇੰਸ, ਫੰਡਾਮੈਂਟਲ ਆਫ ਈ ਬਿਜਨਸ ਅਤੇ ਅਕਾਂਊਟੈਂਸੀ-II ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਲਈ ਮਿਤੀ 02-04-2025 ਤੋਂ 09-04-2025 ਤੱਕ ਗਰੁੱਪ (1 ਤੋਂ 10 ਗਰੁੱਪ) ਬਣਾਏ ਗਏ ਹਨ।
2. ਜੇਕਰ ਕਿਸੇ ਪਰੀਖਿਆਰਥੀ ਨੇ JEE 2025 ਜਾਂ ਕੋਈ ਹੋਰ Entrance Exam ਵਿੱਚ ਅਪੀਅਰ ਹੋਣਾ ਹੋਵੇ ਅਤੇ ਉਸ ਦੀ ਪ੍ਰਯੋਗੀ ਵਿਸ਼ੇ ਦੀ ਮਿਤੀ ਕਲੈਸ਼ ਹੋ ਰਹੀ ਹੋਵੇ ਤਾਂ ਅਜਿਹੇ ਪਰੀਖਿਆਰਥੀਆਂ ਦੀ ਪ੍ਰਯੋਗੀ ਪਰੀਖਿਆ ਅਗਲੇ ਗਰੁੱਪ/ ਅਗਲੀ ਮਿਤੀ ਨੂੰ ਕਰਵਾਈ ਜਾਵੇ।
3. ਇਸ ਸਬੰਧੀ ਪਰੀਖਿਆਰਥੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ਤਾਂ ਜੋ ਕੋਈ ਵੀ ਅਜਿਹਾ ਪਰੀਖਿਆਰਥੀ ਪ੍ਰਯੋਗੀ ਪਰੀਖਿਆ ਦੇਣ ਤੋਂ ਵਾਂਝਾ ਨਾ ਰਹਿ ਜਾਵੇ।

ਸਹੀ/-
ਸਹਾਇਕ ਸਕੱਤਰ (ਕਾਰਜ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ

ਉਪਰੋਕਤ ਦਾ ਉਤਾਰਾ ਹੇਠ ਲਿਖੇ ਨੂੰ ਸੂਚਨਾ / ਅਗਲੇਰੀ ਕਾਰਵਾਈ ਹਿੱਤ:-

1.) ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰ.)
2.) ਸਮੂਹ ਜਿਲ੍ਹਾ ਮੈਨੇਜਰ, ਖੇਤਰੀ ਦਫਤਰ

ਸਹਾਇਕ ਸਕੱਤਰ (ਕਾਰਜ ਸੰਚਾਲਨ) 24/3/2025
ਪੰਜਾਬ ਸਕੂਲ ਸਿੱਖਿਆ ਬੋਰਡ